ਜੁਲਾਈ 2021

# ਉਦਾਹਰਨ 1: CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ - ਜੇਕਰ ਟ੍ਰਾਂਸਫਰ ਸਟੇਸ਼ਨ ਸਿਰਫ਼ CRWM ਨੂੰ ਸਟੋਰ ਕਰਨ ਲਈ ਵੱਡੇ ਕੂੜੇਦਾਨਾਂ (ਸਕਿੱਪ-ਬਿਨਜ਼) ਦੀ ਵਰਤੋਂ ਕਰ ਰਿਹਾ ਹੈ

ਪ੍ਰਕਾਸ਼ਨ 1852 ਜੁਲਾਈ 2021 ਵਿੱਚ ਪ੍ਰਕਾਸ਼ਿਤ ਦਿਸ਼ਾ-ਨਿਰਦੇਸ਼

## ਟ੍ਰਾਂਸਫਰ ਸਟੇਸ਼ਨ ਸਿਰਫ਼ ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਨੂੰ ਸਟੋਰ ਕਰਨ ਲਈ ਵੱਡੇ ਕੂੜੇਦਾਨਾਂ (ਸਕਿੱਪ-ਬਿਨਜ਼) ਦੀ ਵਰਤੋਂ ਕਰ ਰਿਹਾ ਹੈ

ਇਸ ਉਦਾਹਰਨ ਦਾ ਉਦੇਸ਼ ਇੱਕ ਟ੍ਰਾਂਸਫਰ ਸਟੇਸ਼ਨ 'ਤੇ ਜਲਣਸ਼ੀਲ ਰੀਸਾਈਕਲ ਅਤੇ ਕੂੜਾ-ਕਰਕਟ ਸਮੱਗਰੀ ਦੇ ਪ੍ਰਬੰਧਨ ਅਤੇ ਸਟੋਰੇਜ - ਦਿਸ਼ਾ-ਨਿਰਦੇਸ਼ (ਪ੍ਰਕਾਸ਼ਨ 1667) (ਇਹ ਦਿਸ਼ਾ-ਨਿਰਦੇਸ਼) **ਵਿੱਚ ਦੱਸੇ ਗਏ ਅੱਗ ਲੱਗਣ ਦੇ ਜ਼ੋਖਮ ਪ੍ਰਬੰਧਨ ਸਿਧਾਂਤਾਂ ਨੂੰ ਲਾਗੂ ਕਰਨ ਵਿੱਚ ਤੁਹਾਡੀ ਮੱਦਦ ਕਰਨਾ ਹੈ ਜੋ ਸਿਰਫ਼ ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ (CRWM) ਨੂੰ ਸਟੋਰ ਕਰਨ ਲਈ ਸਕਿੱਪ ਬਿਨਜ਼ ਦੀ ਵਰਤੋਂ ਕਰ ਰਿਹਾ ਹੈ।**

ਅਸੀਂ ਇਹ ਉਦਾਹਰਨ ਤੁਹਾਡੀ ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਸੁਵਿਧਾ ਮੈਨੇਜਰ ਦੇ ਤੌਰ 'ਤੇ ਇਹ ਚੰਗੀ ਤਰ੍ਹਾਂ ਸਮਝਣ ਲਈ ਮੱਦਦ ਕਰਨ ਲਈ ਤਿਆਰ ਕੀਤੀ ਹੈ ਕਿ ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਨਾਲ ਜੁੜੇ ਅੱਗ ਲੱਗਣ ਦੇ ਜ਼ੋਖਮ ਦਾ ਪ੍ਰਬੰਧਨ ਕਿਵੇਂ ਕਰਨਾ ਹੈ, ਅਤੇ ਵਿਕਟੋਰੀਆ ਦੇ ਨਵੇਂ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਿਵੇਂ ਕਰਨੀ ਹੈ।

ਇਹ ਉਦਾਹਰਨ:

- ਸਿਰਫ਼ ਇੱਕ ਗਾਈਡ ਦੇ ਤੌਰ 'ਤੇ ਵਰਤਣ ਲਈ ਹੈ। ਤੁਹਾਡੇ ਆਪਣੇ ਜ਼ੋਖਮ ਮੁਲਾਂਕਣ ਅਤੇ ਜ਼ੋਖਮ ਪ੍ਰਬੰਧਨ ਪ੍ਰਕਿਰਿਆ ਲਈ ਕਾਫ਼ੀ ਜ਼ਿਆਦਾ ਵੇਰਵਿਆਂ ਦੀ ਲੋੜ ਹੋ ਸਕਦੀ ਹੈ। ਜਿੱਥੇ ਉਚਿੱਤ ਹੋਵੇ, ਤੁਹਾਨੂੰ ਕਾਨੂੰਨੀ ਸਲਾਹ ਲੈਣ ਜਾਂ ਅੱਗ ਸੁਰੱਖਿਆ ਮਾਹਰ ਨਾਲ ਸਲਾਹ ਕਰਨ ਦੀ ਵੀ ਲੋੜ ਪੈ ਸਕਦੀ ਹੈ
- ਦਰਸਾਉਂਦੀ ਹੈ ਕਿ ਵੱਖ-ਵੱਖ ਆਕਾਰ ਅਤੇ ਕਿਸਮ ਦੀਆਂ ਸਹੂਲਤਾਂ 'ਤੇ ਮੌਜੂਦ ਮੁੱਖ ਅੱਗ ਲੱਗਣ ਦੇ ਜ਼ੋਖਮਾਂ ਦਾ ਮੁਲਾਂਕਣ ਅਤੇ ਨਿਯੰਤਰਣ ਕਰਨ ਲਈ ਚਾਰ ਬੁਨਿਆਦੀ ਕਦਮਾਂ ਦੀ ਪਾਲਣਾ ਕਿਵੇਂ ਕਰਨੀ ਹੈ
- ਕੁੱਝ ਉਪਾਅ ਸ਼ਾਮਲ ਕਰਦੀ ਹੈ ਜੋ ਤੁਸੀਂ ਅੱਗ ਦੇ ਖ਼ਤਰੇ ਨੂੰ ਖ਼ਤਮ ਕਰਨ ਜਾਂ ਘੱਟ ਕਰਨ ਲਈ ਕਰ ਸਕਦੇ ਹੋ ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੈ, ਖ਼ਾਸ ਤੌਰ 'ਤੇ ਜਿੱਥੇ ਇਹ ਉਦਾਹਰਨ ਤੁਹਾਡੀ ਆਪਣੀ ਸਹੂਲਤ-ਸਥਾਨ ਅਤੇ ਕਾਰਜਾਂ ਨਾਲ ਇੱਕੋ ਜਿਹੀਆਂ ਚੀਜ਼ਾਂ ਸਾਂਝੀਆਂ ਕਰਦੀ ਹੈ
- ਇੱਕ ਸਹੂਲਤ-ਸਥਾਨ ਦਾ ਨਕਸ਼ਾ (ਸਾਈਟ ਮੈਪ) ਸ਼ਾਮਲ ਕਰਦੀ ਹੈ ਜੋ ਲਿਖਤ ਜਾਣਕਾਰੀ ਵਿੱਚ ਵਿਚਾਰੇ ਗਏ ਨਿਯੰਤਰਣ ਉਪਾਵਾਂ ਨੂੰ ਦਰਸਾਉਂਦਾ ਹੈ। ਇਹ ਸਾਈਟ ਨਕਸ਼ਾ ਐਮਰਜੈਂਸੀ ਪ੍ਰਬੰਧਨ ਉਦੇਸ਼ਾਂ ਲਈ ਸਾਈਟ ਲੇਆਉਟ ਯੋਜਨਾਵਾਂ ਨੂੰ ਨਹੀਂ ਦਰਸਾਉਂਦਾ ਹੈ
- ਅਤਿ ਗੰਭੀਰ ਜ਼ੋਖਮਾਂ ਅਤੇ ਨਿਯੰਤਰਣ ਉਪਾਵਾਂ 'ਤੇ ਧਿਆਨ-ਕੇਂਦਰਿਤ ਕਰਦੀ ਹੈ। ਇਹ ਹਰ ਸਥਿਤੀ ਲਈ ਜ਼ੋਖਮਾਂ ਅਤੇ ਨਿਯੰਤਰਣ ਉਪਾਵਾਂ ਦੀ ਇੱਕ ਵਿਸਤ੍ਰਿਤ ਸੂਚੀ ਪ੍ਰਦਾਨ ਨਹੀਂ ਕਰਦਾ ਹੈ। ਜੇਕਰ ਤੁਹਾਡੀਆਂ ਗਤੀਵਿਧੀਆਂ ਨੂੰ ਇਸ ਉਦਾਹਰਨ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ, ਜਾਂ ਢੁੱਕਵੇਂ ਢੰਗ ਨਾਲ ਸੰਬੋਧਿਤ ਨਹੀਂ ਕੀਤਾ ਗਿਆ ਹੈ, ਤਾਂ ਤੁਹਾਨੂੰ ਕਿਸੇ ਯੋਗ ਵਿਅਕਤੀ ਜਾਂ ਹੋਰ ਭਰੋਸੇਯੋਗ ਸਰੋਤ ਤੋਂ ਵਾਧੂ ਜਾਂ ਵਧੇਰੇ ਅਨੁਕੂਲਿਤ ਸਲਾਹ ਲੈਣ ਦੀ ਲੋੜ ਹੋ ਸਕਦੀ ਹੈ।

## ਇਸ ਸਹੂਲਤ-ਸਥਾਨ ਬਾਰੇ


ਐਲੀਸਾ ਖੇਤਰੀ ਵਿਕਟੋਰੀਆ ਵਿੱਚ ਇੱਕ ਕੌਂਸਲ ਟ੍ਰਾਂਸਫਰ ਸਟੇਸ਼ਨ ਚਲਾਉਂਦੀ ਹੈ ਅਤੇ ਉਸ ਕੋਲ EPA ਰਜਿਸਟ੍ਰੇਸ਼ਨ ਹੈ:

- ਇਸ ਸਹੂਲਤ 'ਤੇ ਗੱਤੇ, ਸ਼ੀਸ਼ੇ, ਕਾਗਜ਼ ਅਤੇ ਪਲਾਸਟਿਕ ਦੀ ਮਿਸ਼ਰਤ ਰੀਸਾਈਕਲਿੰਗ ਸਮੱਗਰੀ ਸਵੀਕਾਰ ਕੀਤੀ ਜਾਂਦੀ ਹੈ।
- ਐਲੀਸਾ ਨੂੰ ਪ੍ਰਾਪਤ ਹੋਣ ਵਾਲੇ ਜ਼ਿਆਦਾਤਰ CRWM ਤਿੰਨ ਵੱਖ-ਵੱਖ ਸਕਿੱਪ ਬਿਨਾਂ ਵਿੱਚ ਸਟੋਰ ਕੀਤੇ ਜਾਂਦੇ ਹਨ। ਹਰੇਕ ਸਕਿੱਪ ਬਿਨ ਛੇ ਕਿਊਬਿਕ ਮੀਟਰ ਸਮੱਗਰੀ ਸਟੋਰ ਕਰਦਾ ਹੈ।
- ਇਹ ਸਕਿੱਪ ਬਿਨ ਵਾੜ ਕੀਤੀ ਜਾਇਦਾਦ ਦੀ ਸੀਮਾ ਦੇ ਅੰਦਰ ਸਥਿਤ ਹਨ, ਜੋ ਕੰਮਕਾਜੀ ਸਮੇਂ ਤੋਂ ਬਾਹਰ ਤਾਲਾਬੰਦ ਹੁੰਦੀ ਹੈ।
- ਇਹ ਸਕਿੱਪ ਬਿਨ ਕੰਕਰੀਟ ਸਲੈਬ ਉੱਤੇ ਰੱਖੇ ਗਏ ਹਨ।
- ਕੰਕਰੀਟ ਦਾ ਫਰਸ਼ ਲੱਗੇ ਸੁੱਟਣ ਵਾਲੇ (ਡਰਾਪ-ਆਫ਼) ਖੇਤਰ ਦੇ ਆਲੇ-ਦੁਆਲੇ ਛੇ ਮੀਟਰ ਚੌੜੀ ਸੀਲ ਰਹਿਤ (ਬਿਨ੍ਹਾਂ ਲੁੱਕ ਵਾਲੀ) ਪਹੁੰਚ ਸੜਕ ਬਣੀ ਹੋਈ ਹੈ।
- ਆਲੇ ਦੁਆਲੇ ਦੇ ਖੇਤਰ ਵਿੱਚ ਮਿੱਟੀ ਵਿੱਚ ਜੰਗਲੀ ਬੂਟੀ ਅਤੇ ਵਾੜ ਦੇ ਅੰਦਰ ਅਤੇ ਨਾਲ-ਨਾਲ ਘਾਹ ਉੱਗਿਆ ਹੋਇਆ ਹੈ।
- ਇਸ ਸਾਈਟ 'ਤੇ ਪਾਣੀ ਦਾ ਕੋਈ ਮੁੱਖ ਸਰੋਤ ਨਹੀਂ ਹੈ।
- ਜ਼ਿਆਦਾਤਰ ਸਥਿਤੀਆਂ ਵਿੱਚ, ਇਸ ਸੁਵਿਧਾ ਵਿੱਚ ਸਿਰਫ਼ ਇੱਕ ਕਰਮਚਾਰੀ (ਸਟਾਫ਼ ਮੈਂਬਰ) ਮੌਜੂਦ ਹੁੰਦਾ ਹੈ।



# ਉਦਾਹਰਨ 1:

## CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ




ਚਿੱਤਰ 1: ਐਲੀਸਾ ਦਾ ਟ੍ਰਾਂਸਫਰ ਸਟੇਸ਼ਨ ਅੱਗ ਲੱਗਣ ਦੇ ਜ਼ੋਖਮ ਦੇ ਮੁਲਾਂਕਣ ਨੂੰ ਪੂਰਾ ਕਰਨ ***ਤੋਂ ਪਹਿਲਾਂ*** ਨੋਟ ਕਰੋ ਕਿ ਚਿੱਤਰ ਅਸਲੀ ਲੰਬਾਈ-ਚੌੜਾਈ ਮੁਤਾਬਕ ਨਹੀਂ ਬਣਾਇਆ ਗਿਆ ਹੈ।

# ਉਦਾਹਰਨ 1:

# CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ


## ਇਸ ਦਿਸ਼ਾ-ਨਿਰਦੇਸ਼ ਦੀ ਵਰਤੋਂ ਜ਼ੋਖਮ ਨੂੰ ਘਟਾਉਣ ਅਤੇ ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਨ ਲਈ ਕਰਨਾ

ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਨ ਲਈ , ਐਲੀਸਾ ਨੂੰ ਲਾਜ਼ਮੀ ਤੌਰ 'ਤੇ ਕਰਨਾ ਚਾਹੀਦਾ ਹੈ:

- ਆਪਣੀ ਸਹੂਲਤ ਦੀਆਂ ਗਤੀਵਿਧੀਆਂ ਨਾਲ ਜੁੜੇ ਅੱਗ ਦੇ ਖ਼ਤਰਿਆਂ ਨੂੰ ਸਮਝਣਾ
- ਅੱਗ ਲੱਗਣ ਦੇ ਜ਼ੋਖਮ ਦਾ ਮੁਲਾਂਕਣ ਅਤੇ ਦਸਤਾਵੇਜ਼ੀਕਰਨ ਕਰਨਾ
- CRWM ਨੂੰ ਇਸ ਤਰੀਕੇ ਨਾਲ ਸਟੋਰ ਕਰਨ ਅਤੇ ਪ੍ਰਬੰਧਿਤ ਕਰਨ ਲਈ ਸਾਰੇ ਵਾਜਬ ਤੌਰ 'ਤੇ ਵਿਹਾਰਕ ਕਦਮ ਚੁੱਕਣਾ ਜਿਸ ਨਾਲ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦੇ ਜ਼ੋਖਮ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।
- ਐਮਰਜੈਂਸੀ ਪ੍ਰਬੰਧਨ ਯੋਜਨਾ ਤਿਆਰ ਕਰਨਾ
- ਉਸਦੀ ਰਜਿਸਟ੍ਰੇਸ਼ਨ ਵਿੱਚ ਨਿਰਧਾਰਤ ਸ਼ਰਤਾਂ ਦੀ ਪਾਲਣਾ ਕਰਨਾ।

## ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਜ਼ੋਖਮਾਂ ਦਾ ਪ੍ਰਬੰਧਨ ਕਰਨ ਲਈ ਚਾਰ-ਪੜਾਵੀ ਪ੍ਰਕਿਰਿਆ

ਐਲੀਸਾ ਨੂੰ ਆਪਣੇ ਜ਼ੋਖਮਾਂ ਦਾ ਪ੍ਰਬੰਧਨ ਕਰਨ ਲਈ ਚਾਰ ਨਿਰੰਤਰ ਚੱਲਦੇ ਰਹਿਣ ਵਾਲੇ ਕਦਮਾਂ ਦੀ ਪਾਲਣਾ ਕਰਨ ਦੀ ਲੋੜ ਹੈ। ਉਹ ਅੱਗ ਲੱਗਣ ਦੇ ਜ਼ੋਖਮ ਦੀ ਮੁਲਾਂਕਣ ਪ੍ਰਕਿਰਿਆ ਨੂੰ ਬਣਾਉਂਦੇ ਹਨ।




### ਪਰਿਭਾਸ਼ਾਵਾਂ

**ਖ਼ਤਰਾ:** ਕੋਈ ਅਜਿਹੀ ਚੀਜ਼ ਜਿਸ ਵਿੱਚ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਹੈ, ਉਦਾਹਰਨ ਲਈ, ਹਵਾ, ਪਾਣੀ ਜਾਂ ਮਿੱਟੀ।

**ਜ਼ੋਖਮ:** ਉਹ ਖ਼ਤਰਾ ਜੋ ਕੋਈ ਖ਼ਤਰਾ ਮਨੁੱਖੀ ਸਿਹਤ ਜਾਂ ਵਾਤਾਵਰਣ ਨੂੰ ਕਰ ਸਕਦਾ ਹੈ।

**ਨਿਯੰਤਰਣ:** ਨੁਕਸਾਨਦੇਹ ਘਟਨਾਵਾਂ ਨੂੰ ਹੋਣ ਤੋਂ ਪਹਿਲਾਂ ਰੋਕਦਾ ਹੈ (ਰੋਕਥਾਮਯੋਗ ਨਿਯੰਤਰਣ) ਜਾਂ ਕਿਸੇ ਨੁਕਸਾਨਦੇਹ ਘਟਨਾ (ਨਿਯੰਤਰਣ ਨੂੰ ਘਟਾਉਣ) ਦੇ ਨਿੱਕਲਣ ਵਾਲੇ ਸਿੱਟਿਆਂ ਜਾਂ ਨੁਕਸਾਨ ਨੂੰ ਸੀਮਤ ਕਰਦਾ ਹੈ। ਨਿਯੰਤਰਣ ਉਪਾਵਾਂ ਦੀ ਲੜੀ (ਇਸ ਦਿਸ਼ਾ-ਨਿਰਦੇਸ਼ ਵਿੱਚ ਚਿੱਤਰ 8) ਨੂੰ ਇੱਕ ਤਰਜੀਹੀ ਢਾਂਚਾ (ਫਰੇਮਵਰਕ) ਪ੍ਰਦਾਨ ਕਰਕੇ ਨਿਯੰਤਰਣ ਉਪਾਵਾਂ ਦੀ ਪਛਾਣ ਅਤੇ ਚੋਣ ਦਾ ਸਮਰਥਨ ਕਰਨ ਲਈ ਵਰਤਿਆ ਜਾ ਸਕਦਾ ਹੈ।

# ਉਦਾਹਰਨ 1:
# CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ

ਐਲੀਸਾ ਚਾਰ ਪੜਾਵਾਂ ਦੀ ਪਾਲਣਾ ਕਰਦੀ ਹੈ ਅਤੇ ਇਹ ਕਾਰਵਾਈਆਂ ਕਰਦੀ ਹੈ:

| ਪੜਾਅ | ਕਾਰਵਾਈ | ਐਲੀਸਾ ਕੀ ਕਰਦੀ ਹੈ |
|---|---|---|
| 1 | **ਖ਼ਤਰਿਆਂ ਦੀ ਪਛਾਣ** - ਕਿਹੜੇ ਖ਼ਤਰੇ ਮੌਜੂਦ ਹਨ ਜੋ ਨੁਕਸਾਨ ਦਾ ਕਾਰਨ ਬਣ ਸਕਦੇ ਹਨ? | ਐਲੀਸਾ ਸੁੱਟਣ ਵਾਲੇ (ਡਰਾਪ-ਆਫ਼) ਖੇਤਰ ਦੇ ਅੰਦਰ ਅਤੇ ਆਲੇ-ਦੁਆਲੇ ਬਨਸਪਤੀ ਅਤੇ ਸੁੱਟਣ (ਡਰਾਪ-ਆਫ਼) ਦੌਰਾਨ ਕੂੜੇਦਾਨਾਂ ਵਿੱਚੋਂ ਬਾਹਰ ਡਿੱਗੇ ਕੂੜੇ ਸਮੇਤ ਖ਼ਤਰਿਆਂ ਦੀ ਪਛਾਣ ਕਰਦੀ ਹੈ।<br><br>ਉਹ ਵਰਤਮਾਨ ਵਿੱਚ ਕਾਰੋਬਾਰੀ ਘੰਟਿਆਂ ਬਾਅਦ ਗੇਟਾਂ ਨੂੰ ਤਾਲਾ ਲਗਾ ਦਿੰਦੀ ਹੈ ਪਰ ਸੋਚਦੀ ਹੈ ਕਿ ਭੰਨਤੋੜ ਅਜੇ ਵੀ ਇੱਕ ਖ਼ਤਰਾ ਪੇਸ਼ ਕਰ ਸਕਦੀ ਹੈ। ਭੰਨਤੋੜ ਕਰਨ ਵਾਲੇ ਉਸਦੀ ਵਾੜ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਤਾਂ ਜੋ ਉਸ ਦੇ ਕੂੜੇਦਾਨਾਂ ਤੱਕ ਪਹੁੰਚ ਪ੍ਰਾਪਤ ਕੀਤੀ ਜਾ ਸਕੇ ਜਾਂ ਵਾੜ ਦੇ ਉੱਪਰ ਦੀ ਜਲਣ ਵਾਲੀ ਸਮੱਗਰੀ ਸੁੱਟ ਸਕਦੇ ਹਨ।<br><br>ਐਲੀਸਾ ਨੋਟ ਕਰਦੀ ਹੈ ਕਿ ਅੱਗ ਲੱਗਣ ਦੀ ਸਥਿਤੀ ਵਿੱਚ ਉਸ ਕੋਲ ਸਥਾਨ ਉੱਤੇ ਵਰਤੋਂ ਲਈ ਅੱਗ ਬੁਝਾਉਣ ਦਾ ਕੋਈ ਬੁਨਿਆਦੀ ਢਾਂਚਾ ਜਾਂ ਪਾਣੀ ਦਾ ਮੁੱਖ ਸਰੋਤ ਨਹੀਂ ਹੈ। |
| 2 | **ਜ਼ੋਖਮਾਂ ਦਾ ਮੁਲਾਂਕਣ** - ਖ਼ਤਰੇ ਦੇ ਵਾਪਰਨ ਅਤੇ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਅਤੇ ਉਸ ਨੁਕਸਾਨ ਦੇ ਨਤੀਜੇ (ਭਾਵ ਪ੍ਰਭਾਵ) ਦੇ ਆਧਾਰ 'ਤੇ ਜ਼ੋਖਮ ਕੀ ਹੈ? | ਹਰ ਇੱਕ ਖ਼ਤਰੇ ਲਈ ਜਿਸਦੀ ਐਲੀਸਾ ਨੇ ਪਛਾਣ ਕੀਤੀ ਹੈ, ਐਲੀਸਾ ਉਸ ਖ਼ਤਰੇ ਨਾਲ ਸੰਬੰਧਿਤ ਸੰਭਾਵਨਾ ਅਤੇ ਨਤੀਜੇ 'ਤੇ ਵਿਚਾਰ ਕਰਦੀ ਹੈ। ਐਲੀਸਾ ਇਸ ਜ਼ੋਖਮ ਮੁਲਾਂਕਣ ਪ੍ਰਕਿਰਿਆ ਦੇ ਦਸਤਾਵੇਜ਼ ਵਜੋਂ ਸਾਈਟ ਜ਼ੋਖਮ ਰਜਿਸਟਰ ਵਿੱਚੋਂ ਇਸ ਜਾਣਕਾਰੀ ਨੂੰ ਹਾਸਲ ਕਰਦੀ ਹੈ।<br><br>ਉਹ ਮੁਲਾਂਕਣ ਕਰਦੀ ਹੈ ਕਿ ਆਲੇ-ਦੁਆਲੇ ਦੀ ਬਨਸਪਤੀ ਅਤੇ ਬਾਹਰ ਡਿੱਗਿਆ ਹੋਇਆ ਕੂੜਾ ਸੁੱਟਣ ਵਾਲੇ (ਡਰਾਪ-ਆਫ਼) ਖੇਤਰ ਤੱਕ ਪਹੁੰਚ ਵਿੱਚ ਰੁਕਾਵਟ ਪਾਉਂਦਾ ਹੈ ਅਤੇ ਅੱਗ ਫ਼ੈਲਣ ਵਿੱਚ ਯੋਗਦਾਨ ਪਾ ਸਕਦਾ ਹੈ।<br><br>ਉਹ ਮੰਨਦੀ ਹੈ ਕਿ ਭੰਨਤੋੜ ਅਤੇ ਅੱਗ ਲਗਾਉਣੀ ਸੰਭਵ ਹੈ, ਕਿਉਂਕਿ ਹੋਰ ਖੇਤਰੀ ਟ੍ਰਾਂਸਫਰ ਸਟੇਸ਼ਨਾਂ ਵਿੱਚ ਕਾਰੋਬਾਰੀ ਘੰਟਿਆਂ ਬਾਅਦ ਅੱਗ ਲਗਾਉਣ ਦੇ ਇਹੋ ਜਿਹੇ ਮਾਮਲੇ ਹੋਏ ਸਨ।<br><br>ਐਲੀਸਾ ਮੁਲਾਂਕਣ ਕਰਦੀ ਹੈ ਕਿ ਜੇਕਰ ਭੰਨਤੋੜ ਕਰਨ ਵਾਲਿਆ ਦੁਆਰਾ ਅੱਗ ਲਗਾਈ ਜਾਂਦੀ ਹੈ, ਤਾਂ ਇਹ ਉਸਦੀ ਸਹੂਲਤ ਤੋਂ ਬਾਹਰ ਫ਼ੈਲ ਜਾਵੇਗੀ ਅਤੇ ਸਥਾਨਕ ਖੇਤੀ ਵਾਲੀ ਜ਼ਮੀਨ ਸਾੜ ਦੇਵੇਗੀ। |
| 3 | **ਨਿਯੰਤਰਣ ਉਪਾਵਾਂ ਨੂੰ ਲਾਗੂ ਕਰੋ** - ਜਿੱਥੋਂ ਤੱਕ ਵਾਜਬ ਤੌਰ 'ਤੇ ਵਿਹਾਰਕ ਹਨ ਜ਼ੋਖਮ ਨੂੰ ਖ਼ਤਮ ਕਰਨ ਜਾਂ ਘਟਾਉਣ ਲਈ ਕਾਰੋਬਾਰ ਲਈ ਕਿਹੜੇ ਨਿਯੰਤਰਣ ਉਪਾਅ ਢੁੱਕਵੇਂ ਅਤੇ ਉਪਲਬਧ ਹਨ? | ਐਲੀਸਾ ਡਰਾਪ-ਆਫ਼ ਖੇਤਰ ਦੇ ਅੰਦਰ ਅਤੇ ਆਲੇ-ਦੁਆਲੇ ਦੀ ਵਾੜ ਤੋਂ ਕੂੜਾ, ਘਾਹ ਜਾਂ ਜੰਗਲੀ-ਬੂਟੀ ਨੂੰ ਹਟਾਉਣ ਲਈ ਇੱਕ ਨਿਯਮਤ ਹਾਊਸਕੀਪਿੰਗ ਸਮਾਂ-ਸਾਰਣੀ ਲਾਗੂ ਕਰਦੀ ਹੈ। ਉਹ ਕੂੜਾ ਅਤੇ ਸਮੱਗਰੀ ਨੂੰ ਸਕਿੱਪ ਬਿਨਾਂ ਦੇ ਆਲੇ-ਦੁਆਲੇ ਤੋਂ ਹਟਾਉਣ ਨੂੰ ਆਪਣੀ ਰੋਜ਼ਾਨਾ ਸਹੂਲਤ ਬੰਦ ਕਰਨ ਦੀ ਪ੍ਰਕਿਰਿਆ ਦਾ ਹਿੱਸਾ ਬਣਾਉਂਦੀ ਹੈ।<br><br>ਉਸਦੇ CRWM ਤੱਕ ਪਹੁੰਚ ਕਰਨ ਵਾਲੇ ਭੰਨਤੋੜ ਦੇ ਜ਼ੋਖਮ ਨੂੰ ਘੱਟ ਕਰਨ ਲਈ, ਐਲੀਸਾ ਦਿਨ ਦੇ ਅੰਤ ਵਿੱਚ ਸਕਿੱਪ ਬਿਨ ਦੇ ਢੱਕਣਾਂ ਅਤੇ ਸੁਵਿਧਾ ਗੇਟਾਂ ਨੂੰ ਬੰਦ ਅਤੇ ਤਾਲਾ ਲਗਾ ਦਿੰਦੀ ਹੈ। ਉਹ ਇਹ ਯਕੀਨੀ ਬਣਾਉਣ ਲਈ ਸਾਈਟ ਦੀ ਵਾੜ ਅਤੇ ਗੇਟਾਂ ਦੀ ਸਾਂਭ-ਸੰਭਾਲ ਵੀ ਕਰਦੀ ਹੈ ਕਿ ਉਹ ਸੁਰੱਖਿਅਤ ਹਨ।<br><br>ਉਹ ਬਿਨ ਦੇ ਢੱਕਣਾਂ ਨੂੰ ਬੰਦ ਰੱਖ ਕੇ ਅਤੇ ਇਹ ਯਕੀਨੀ ਬਣਾ ਕੇ ਕਿ ਉਹ ਸਹੀ ਢੰਗ ਨਾਲ ਬੰਦ ਹੋ ਸਕਦੇ ਹਨ, ਕਿਸੇ ਵੀ ਅੱਗ ਤੋਂ ਹੋਣ ਵਾਲੇ ਨੁਕਸਾਨ ਦੇ ਜ਼ੋਖਮ ਨੂੰ ਬਹੁਤ ਘੱਟ ਕਰ ਰਹੀ ਹੈ। ਐਲੀਸਾ ਆਪਣੇ ਕੂੜੇਦਾਨਾਂ ਨੂੰ ਸਖ਼ਤ ਸਤ੍ਹਾ 'ਤੇ ਸਟੋਰ ਕਰਦੀ ਹੈ, ਅਤੇ ਆਪਣੀ ਸਾਈਟ ਦੇ ਆਲੇ-ਦੁਆਲੇ ਖੁੱਲ੍ਹੀ ਥਾਂ 'ਤੇ ਕੂੜੇ ਅਤੇ ਖ਼ਤਰਿਆਂ ਨੂੰ ਨਿਯਮਤ ਤੌਰ 'ਤੇ ਸਾਫ਼ ਕਰਦੀ ਹੈ।<br><br>ਐਲੀਸਾ ਦਾ CRWM ਸਟੋਰੇਜ ਰਜਿਸਟ੍ਰੇਸ਼ਨ ਹੇਠ ਆਗਿਆ ਰੱਖਣ ਵਾਲੀ ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਸਹੂਲਤਾਂ ਲਈ ਅਧਿਕਤਮ ਹੱਦ (ਥ੍ਰੈਸ਼ਹੋਲਡ) ਤੋਂ ਬਹੁਤ ਹੇਠਾਂ ਹੈ। ਉਹ ਕਿਸੇ ਵੀ ਸਮੇਂ ਆਪਣੀ ਸਾਈਟ 'ਤੇ ਸਿਰਫ਼ 18 m3 CRWM ਸਟੋਰ ਕਰਦੀ ਹੈ।<br><br>**ਐਮਰਜੈਂਸੀ ਪ੍ਰਬੰਧਨ ਯੋਜਨਾ**<br><br>ਐਲੀਸਾ ਆਪਣੇ ਅੱਗ ਪ੍ਰਬੰਧਨ ਵਿਕਲਪਾਂ 'ਤੇ ਚਰਚਾ ਕਰਨ ਲਈ ਆਪਣੇ ਸਥਾਨਕ ਫਾਇਰ ਬ੍ਰਿਗੇਡ ਨਾਲ ਸੰਪਰਕ ਕਰਦੀ ਹੈ। ਉਹ ਸਲਾਹ ਦਿੰਦੇ ਹਨ ਕਿ ਸਹੂਲਤ ਵਿੱਚ CRWM ਦੀ ਘੱਟ ਮਾਤਰਾ ਲਈ ਨਿਯੰਤਰਣ ਉਪਾਅ ਵਜੋਂ ਅੱਗ ਬੁਝਾਉਣ ਵਾਲੇ ਯੰਤਰ ਲਗਾਏ ਜਾਣੇ ਚਾਹੀਦੇ ਹਨ। ਉਹ ਇਹ ਵੀ ਸਲਾਹ ਦਿੰਦੇ ਹਨ ਕਿ ਉਸ ਦੇ ਡਰਾਪ-ਆਫ਼ ਖੇਤਰ ਵਿੱਚ ਅੱਗ ਨੂੰ ਐਮਰਜੈਂਸੀ ਵਾਹਨਾਂ ਦੁਆਰਾ ਕਾਬੂ ਕੀਤਾ ਜਾ ਸਕਦਾ ਹੈ। ਉਹ ਇਸ ਜਾਣਕਾਰੀ ਨੂੰ ਆਪਣੀ ਐਮਰਜੈਂਸੀ ਪ੍ਰਬੰਧਨ ਯੋਜਨਾ ਵਿੱਚ ਸ਼ਾਮਲ ਕਰਦੀ ਹੈ। |

## ਉਦਾਹਰਨ 1:

## CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ

| ਪੜਾਅ | ਕਾਰਵਾਈ | ਐਲੀਸਾ ਕੀ ਕਰਦੀ ਹੈ |
|---|---|---|
| | | ਜੇਕਰ ਕੰਮਕਾਜੀ ਘੰਟਿਆਂ ਦੌਰਾਨ ਅੱਗ ਲੱਗ ਜਾਂਦੀ ਹੈ, ਤਾਂ ਸਟਾਫ਼ ਉਸ ਦੀ ਸਹੂਲਤ ਦੇ ਨਾਲ ਵਾਲੀ ਕਾਰ ਪਾਰਕ ਨੂੰ ਐਮਰਜੈਂਸੀ ਅਸੈਂਬਲੀ ਪੁਆਇੰਟ ਵਜੋਂ ਖ਼ਾਲੀ ਕਰੇਗੀ ਅਤੇ ਵਰਤੇਗੀ। ਉਹ ਯਕੀਨੀ ਬਣਾਉਂਦੀ ਹੈ ਕਿ ਐਮਰਜੈਂਸੀ ਜਾਣਕਾਰੀ ਨੂੰ ਸਾਹਮਣੇ ਵਾਲੇ ਦਾਖਲਾ ਗੇਟ 'ਤੇ ਬਣੇ ਬੂਮ ਦੇ ਸਾਹਮਣੇ ਮੁੜ-ਸਥਾਪਤ ਐਮਰਜੈਂਸੀ ਸੂਚਨਾ ਕੰਟੇਨਰ ਵਿੱਚ ਸਟੋਰ ਕੀਤਾ ਜਾਂਦਾ ਹੈ। ਉਹ ਸਟਾਫ਼ ਅਤੇ ਆਉਣ-ਜਾਣ ਵਾਲਿਆ ਲਈ ਸਪਸ਼ਟ ਤੌਰ 'ਤੇ ਦੇਖਣ ਲਈ ਸਹੂਲਤ ਵਿੱਚ ਸਥਿਤ ਦਫ਼ਤਰ ਦੀ ਬਾਹਰਲੀ ਕੰਧ 'ਤੇ ਨਿਕਾਸੀ ਪ੍ਰਕਿਰਿਆ ਅਤੇ ਅਸੈਂਬਲੀ ਪੁਆਇੰਟ ਵੀ ਪ੍ਰਦਰਸ਼ਿਤ ਕਰਦੀ ਹੈ।<br><br>ਡਰਾਪ-ਆਫ਼ ਖੇਤਰ ਦੇ ਸਾਰੇ ਪਾਸਿਆਂ 'ਤੇ ਪਹੁੰਚ ਬਣਾਈ ਰੱਖਣ ਨਾਲ ਖੇਤਰ ਦੀ ਸੁਰੱਖਿਅਤ ਨਿਕਾਸੀ ਸੰਭਵ ਹੁੰਦੀ ਹੈ। ਇਹ ਐਮਰਜੈਂਸੀ ਸੇਵਾਵਾਂ ਨੂੰ ਪ੍ਰਭਾਵਸ਼ਾਲੀ ਅਤੇ ਸਮੇਂ ਸਿਰ ਅੱਗ ਨਾਲ ਨਜਿੱਠਣ ਵਿੱਚ ਮੱਦਦ ਕਰਦਾ ਹੈ।<br><br>ਉਹ ਇਹ ਯਕੀਨੀ ਬਣਾਉਂਦੀ ਹੈ ਕਿ ਜਨਤਾ ਅਤੇ ਠੇਕੇਦਾਰਾਂ ਲਈ ਉਸਦੀ ਸਹੂਲਤ ਦੇ ਆਲੇ-ਦੁਆਲੇ ਆਉਣ-ਜਾਣ ਕਰਨ ਦੇ ਰਸਤੇ ਨੂੰ ਸਪੱਸ਼ਟ ਤੌਰ 'ਤੇ ਦਰਸਾਇਆ ਗਿਆ ਹੈ ਤਾਂ ਜੋ ਸਹੂਲਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖ਼ਾਲੀ ਕੀਤਾ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿਕਾਸੀ ਪ੍ਰਕਿਰਿਆ (ਉਸ ਸਮੇਂ ਸਹੂਲਤ ਵਿੱਚ ਮੌਜੂਦ ਆਮ ਜਨਤਾ ਦੇ ਕਿਸੇ ਵੀ ਮੈਂਬਰ ਨੂੰ ਨਿਰਦੇਸ਼ਿਤ ਕਰਨ ਸਮੇਤ) ਉਸਦੇ ਸਟਾਫ਼ ਅਤੇ ਠੇਕੇਦਾਰਾਂ ਨੂੰ ਦੱਸੀ ਜਾਂਦੀ ਹੈ।<br><br>ਐਲੀਸਾ ਐਮਰਜੈਂਸੀ ਪ੍ਰਬੰਧਨ ਯੋਜਨਾ, ਪ੍ਰਤੀਕਿਰਿਆ ਪ੍ਰਕਿਰਿਆਵਾਂ ਅਤੇ ਸੰਬੰਧਿਤ ਸਿਖਲਾਈ ਨੂੰ ਕਾਇਮ ਰੱਖਣ ਲਈ ਆਪਣੇ ਸਟਾਫ਼ ਦੇ ਨਾਲ ਇੱਕ ਐਮਰਜੈਂਸੀ ਯੋਜਨਾਬੰਦੀ ਕਮੇਟੀ ਸਥਾਪਤ ਕਰਦੀ ਹੈ। |
| 4 | **ਨਿਯੰਤਰਣ ਉਪਾਵਾਂ ਦੀ ਜਾਂਚ ਕਰੋ** - ਇਹ ਯਕੀਨੀ ਬਣਾਉਣ ਲਈ ਨਿਯੰਤਰਣ ਉਪਾਵਾਂ ਦੀ ਸਮੀਖਿਆ ਕਰੋ ਕਿ ਉਹ ਪ੍ਰਭਾਵਸ਼ਾਲੀ ਹਨ। | ਐਲੀਸਾ ਨੇ ਆਪਣੀ ਸਹੂਲਤ ਦੇ ਖ਼ਤਰਿਆਂ, ਜ਼ੋਖਮਾਂ ਅਤੇ ਨਿਯੰਤਰਣਾਂ ਨੂੰ ਰਿਕਾਰਡ ਕੀਤਾ ਹੈ। ਉਹ ਇਹ ਸ਼ਾਮਲ ਕਰਦੀ ਹੈ ਕਿ ਜ਼ੋਖਮ ਰਜਿਸਟਰ ਵਿੱਚ ਪ੍ਰਭਾਵਸ਼ੀਲਤਾ ਲਈ ਨਿਯੰਤਰਣ ਉਪਾਵਾਂ ਦੀ ਜਾਂਚ ਕਿਵੇਂ ਕੀਤੀ ਜਾਵੇਗੀ। ਇਹ ਉਸਦੇ ਜ਼ੋਖਮ ਮੁਲਾਂਕਣ ਦਾ ਦਸਤਾਵੇਜ਼ੀ ਸਬੂਤ ਬਣ ਜਾਂਦਾ ਹੈ।<br><br>ਉਸਨੇ ਮੰਨਣਯੋਗ ਅੱਗ ਲੱਗਣ ਦੀਆਂ ਸਥਿਤੀਆਂ ਅਤੇ ਉਹਨਾਂ ਨੂੰ ਕਿਵੇਂ ਹੱਲ ਕੀਤਾ ਜਾਵੇਗਾ ਇਸਨੂੰ ਸ਼ਾਮਲ ਕਰਨ ਲਈ ਆਪਣੀ ਐਮਰਜੈਂਸੀ ਪ੍ਰਬੰਧਨ ਯੋਜਨਾ ਨੂੰ ਵੀ ਅਪਡੇਟ ਕੀਤਾ ਹੈ।<br><br>ਐਲੀਸਾ ਪਹਿਲਾਂ ਹੀ ਆਪਣੇ ਅਤੇ ਆਪਣੇ ਦੋ ਕਰਮਚਾਰੀਆਂ ਲਈ ਹਫ਼ਤਾਵਾਰੀ ਟੂਲਬਾਕਸ ਮੀਟਿੰਗਾਂ ਰੱਖਦੀ ਹੈ। ਉਹ ਹੁਣ ਇਹਨਾਂ ਮੀਟਿੰਗਾਂ ਦੀ ਵਰਤੋਂ ਰੁਟੀਨ ਹਾਊਸਕੀਪਿੰਗ 'ਤੇ ਦਸਤਖ਼ਤ ਕਰਨ, ਕਿਸੇ ਵੀ ਅਜਿਹੇ ਖੇਤਰਾਂ ਦੀ ਪਛਾਣ ਕਰਨ ਲਈ ਕਰਨਗੇ ਜਿੱਥੇ ਸਹੂਲਤ-ਸਥਾਨ ਨੀਤੀਆਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ ਅਤੇ ਹੋਰ ਖ਼ਤਰਿਆਂ ਜਾਂ ਜ਼ੋਖਮਾਂ 'ਤੇ ਚਰਚਾ ਕੀਤੀ ਜਾ ਸਕਦੀ ਹੈ ਜੋ ਪੈਦਾ ਹੋ ਸਕਦੇ ਹਨ।<br><br>ਅੰਤ ਵਿੱਚ, ਉਹ ਇਹ ਯਕੀਨੀ ਬਣਾਉਣ ਲਈ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਫਾਇਰ ਡਰਿੱਲ ਕਰਦੀ ਹੈ ਕਿ ਉਸਦਾ ਸਟਾਫ਼ ਅੱਗ ਦੇ ਦੌਰਾਨ ਉਹਨਾਂ ਦੀਆਂ ਭੂਮਿਕਾਵਾਂ ਤੋਂ ਜਾਣੂ ਹੈ ਅਤੇ ਨਿਕਾਸੀ ਪ੍ਰਕਿਰਿਆਵਾਂ ਦੀ ਪਾਲਣਾ ਕਰ ਰਿਹਾ ਹੈ। |


# ਉਦਾਹਰਨ 1:

# CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ

## ਚਾਰ-ਪੜਾਵੀ ਜ਼ੋਖਮ ਪ੍ਰਬੰਧਨ ਪ੍ਰਕਿਰਿਆ ਦਾ ਦਸਤਾਵੇਜ਼ੀਕਰਨ

ਐਲੀਸਾ ਆਪਣੇ ਟ੍ਰਾਂਸਫਰ ਸਟੇਸ਼ਨ 'ਤੇ ਖ਼ਤਰਿਆਂ, ਸੰਭਾਵੀ ਕਾਰਨਾਂ ਅਤੇ ਪ੍ਰਭਾਵਾਂ ਨੂੰ ਕਿਵੇਂ ਦਰਜ ਕਰ ਸਕਦੀ ਹੈ, ਅਤੇ ਉਹ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਪ੍ਰਬੰਧਿਤ ਕਰੇਗੀ, ਇਸ ਬਾਰੇ ਉਦਾਹਰਨ ਲਈ ਇਸ ਦਿਸ਼ਾ-ਨਿਰਦੇਸ਼ ਵਿੱਚ ਸਾਰਣੀ 11 ਦੇਖੋ।

ਐਲੀਸਾ ਆਪਣੀ ਅੱਗ ਲੱਗਣ ਦੇ ਜ਼ੋਖਮ ਮੁਲਾਂਕਣ ਦੀਆਂ ਕਾਰਵਾਈਆਂ ਦੇ ਹਿੱਸੇ ਵਜੋਂ ਖ਼ਤਰੇ ਅਤੇ ਜ਼ੋਖਮ ਰਜਿਸਟਰ ਦੀ ਸਮੀਖਿਆ ਕਰੇਗੀ ਅਤੇ ਅਪਡੇਟ ਕਰੇਗੀ। ਉਹ ਇਹ ਯਕੀਨੀ ਬਣਾਉਂਦੀ ਹੈ ਕਿ ਉਸਦੇ ਨਿਯੰਤਰਣ ਉਪਾਵਾਂ ਨੂੰ ਲਾਗੂ ਕਰਨਾ ਉਨ੍ਹਾਂ ਜ਼ੋਖਮਾਂ ਦੇ ਅਨੁਪਾਤੀ ਹੈ ਜੋ ਉਸਦੀ ਵਪਾਰਕ ਗਤੀਵਿਧੀਆਂ ਨੂੰ ਦਰਸਾਉਂਦੀਆਂ ਹਨ।




ਚਿੱਤਰ 2: ਨਿਯੰਤਰਣ ਉਪਾਅ ਲਾਗੂ ਕੀਤੇ ਜਾਣ ***ਤੋਂ ਬਾਅਦ*** ਐਲੀਸਾ ਦਾ ਟ੍ਰਾਂਸਫਰ ਸਟੇਸ਼ਨ।
ਨੋਟ ਕਰੋ ਕਿ ਚਿੱਤਰ ਅਸਲੀ ਲੰਬਾਈ-ਚੌੜਾਈ ਮੁਤਾਬਕ ਨਹੀਂ ਬਣਾਇਆ ਗਿਆ ਹੈ।

# ਉਦਾਹਰਨ 1:

# CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ

## ਕਾਰਗੁਜ਼ਾਰੀ ਉਦੇਸ਼ਾਂ ਅਤੇ ਉਮੀਦ ਕੀਤੇ ਨਤੀਜਿਆਂ ਨੂੰ ਪੂਰਾ ਕਰਨਾ

ਐਲੀਸਾ ਪ੍ਰਦਰਸ਼ਿਤ ਕਰਦੀ ਹੈ ਕਿ ਉਸਨੇ ਇਸ ਦਿਸ਼ਾ-ਨਿਰਦੇਸ਼ ਵਿੱਚ ਇਹਨਾਂ ਪ੍ਰਕਾਰਗੁਜ਼ਾਰੀ ਉਦੇਸ਼ਾਂ ਅਤੇ ਉਮੀਦ ਕੀਤੇ ਨਤੀਜਿਆਂ ਨੂੰ ਪੂਰਾ ਕਰਕੇ ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਨ ਲਈ ਉਚਿੱਤ ਕਦਮ ਚੁੱਕੇ ਹਨ:

- ਅੱਗ ਤੋਂ ਜ਼ੋਖਮ ਦਾ ਮੁਲਾਂਕਣ ਕਰਨਾ - ਅਧਿਆਇ 3 ਦੇਖੋ।
- ਆਪਣੇ ਅੱਗ ਦੇ ਖ਼ਤਰਿਆਂ ਅਤੇ ਜ਼ੋਖਮਾਂ ਨੂੰ ਕੰਟਰੋਲ ਕਰਨਾ - ਅਧਿਆਇ 4 ਦੇਖੋ।
- ਪ੍ਰਭਾਵੀ ਸਟੋਰੇਜ ਪ੍ਰਬੰਧਨ ਨਿਯੰਤਰਣ ਉਪਾਅ - ਅਧਿਆਇ 5 ਦੇਖੋ।

## ਹੋਰ ਜਾਣਕਾਰੀ

- *ਜ਼ੋਖਮ ਦਾ ਮੁਲਾਂਕਣ ਅਤੇ ਨਿਯੰਤਰਣ ਉਪਾਅ: ਕਾਰੋਬਾਰ ਲਈ ਇੱਕ ਗਾਈਡ* (ਪ੍ਰਕਾਸ਼ਨ 1695)
- *ਜਲਨਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ*
- *ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਦਾ ਪ੍ਰਬੰਧਨ ਅਤੇ ਸਟੋਰੇਜ - ਦਿਸ਼ਾ-ਨਿਰਦੇਸ਼* (ਪ੍ਰਕਾਸ਼ਨ 1667)
- *ਅੱਗ ਦੀ ਰੋਕਥਾਮ: ਜਲਨਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਤੱਥ ਸ਼ੀਟ* (ਪ੍ਰਕਾਸ਼ਨ 1759)
- *ਉਦਯੋਗ ਮਾਰਗਦਰਸ਼ਨ: ਆਮ ਵਾਤਾਵਰਨ ਡਿਊਟੀ ਦੀ ਪਾਲਣਾ ਕਰਨ ਲਈ ਤੁਹਾਡੀ ਸਹਾਇਤਾ ਕਰ ਰਿਹਾ ਹੈ* (ਪ੍ਰਕਾਸ਼ਨ 1741.1)
- *ਵਾਜਬ ਤੌਰ 'ਤੇ ਵਿਹਾਰਕ* (ਪ੍ਰਕਾਸ਼ਨ 1856)
- *ਮੰਨਜ਼ੂਰੀ ਸਕੀਮ - ਨੀਤੀ* (ਪ੍ਰਕਾਸ਼ਨ 1799.2)
- *ਕੂੜੇ-ਕਰਕਟ ਦੇ ਫਰੇਮਵਰਕ ਦਾ ਸੰਖੇਪ* (ਪ੍ਰਕਾਸ਼ਨ 1756.2)
- *ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਦਾ ਪ੍ਰਬੰਧਨ ਅਤੇ ਸਟੋਰੇਜ - ਛੱਤ ਹੇਠ ਸਟੋਰ ਕਰਨ ਸੰਬੰਧੀ ਦਿਸ਼ਾ ਨਿਰਦੇਸ਼*

ਇਹ ਪ੍ਰਕਾਸ਼ਨ ਜਾਣਕਾਰੀ ਸਿਰਫ਼ ਆਮ ਮਾਰਗਦਰਸ਼ਨ ਲਈ ਹੈ। ਜੇਕਰ ਤੁਹਾਨੂੰ ਕੋਈ ਖ਼ਾਸ ਚਿੰਤਾ ਹੈ ਤਾਂ ਤੁਹਾਨੂੰ ਪੇਸ਼ੇਵਰ ਸਲਾਹ ਲੈਣੀ ਚਾਹੀਦੀ ਹੈ। EPA ਵਿਕਟੋਰੀਆ ਨੇ ਪ੍ਰਕਾਸ਼ਨ ਦੇ ਸਮੇਂ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਹਰ ਉਚਿੱਤ ਕੋਸ਼ਿਸ਼ ਕੀਤੀ ਹੈ।

ਇਹ ਕੰਮ ਕਰੀਏਟਿਵ ਕਾਮਨਜ਼ ਐਟ੍ਰੀਬਿਊਸ਼ਨ 4.0 ਲਾਇਸੈਂਸ ਦੇ ਤਹਿਤ ਲਾਇਸੈਂਸਸ਼ੁਦਾ ਹੈ।

ਇਸ ਪ੍ਰਕਾਸ਼ਨ ਬਾਰੇ ਔਨਲਾਈਨ ਫੀਡਬੈਕ ਦਿਓ: epa.vic.gov.au/publication-feedback



EPA ਐਬੋਰਿਜ਼ਨਲ ਲੋਕਾਂ ਨੂੰ ਉਸ ਜ਼ਮੀਨ ਅਤੇ ਪਾਣੀ ਦੇ ਪਹਿਲੇ ਲੋਕ ਅਤੇ ਪਰੰਪਰਾਗਤ ਸਰਪ੍ਰਸਤਾਂ ਵਜੋਂ ਮੰਨਦਾ ਹੈ ਜਿਸ 'ਤੇ ਅਸੀਂ ਰਹਿੰਦੇ, ਕੰਮ ਕਰਦੇ ਅਤੇ ਨਿਰਭਰ ਕਰਦੇ ਹਾਂ। ਅਸੀਂ ਅਤੀਤ ਅਤੇ ਵਰਤਮਾਨ ਦੇ ਐਬੋਰਿਜ਼ਨਲ ਬਜ਼ੁਰਗਾਂ ਦਾ ਸਤਿਕਾਰ ਕਰਦੇ ਹਾਂ।

ਵਿਕਟੋਰੀਆ ਦੇ ਵਾਤਾਵਰਣ ਰੈਗੂਲੇਟਰ (ਨਿਯੰਤ੍ਰਕ) ਹੋਣ ਦੇ ਨਾਤੇ, ਅਸੀਂ ਇਸ ਗੱਲ ਦਾ ਆਦਰ ਕਰਦੇ ਹਾਂ ਕਿ ਕਿਵੇਂ ਕਈ ਹਜ਼ਾਰਾਂ ਸਾਲਾਂ ਤੋਂ ਐਬੋਰਿਜ਼ਨਲ ਲੋਕਾਂ ਦੁਆਰਾ ਦੇਸ਼ ਦੀ ਰੱਖਿਆ ਅਤੇ ਦੇਖਭਾਲ ਕੀਤੀ ਗਈ ਹੈ।

ਅਸੀਂ ਪਰੰਪਰਾਗਤ ਮਾਲਕਾਂ ਲਈ ਜ਼ਮੀਨ, ਪਾਣੀ ਅਤੇ ਵਾਤਾਵਰਣ ਵਿੱਚ ਮੌਜੂਦ ਸਭ ਕੁੱਝ ਦੇ ਵਿਲੱਖਣ ਅਧਿਆਤਮਿਕ ਅਤੇ ਸੱਭਿਆਚਾਰਕ ਮਹੱਤਵ ਨੂੰ ਸਵੀਕਾਰ ਕਰਦੇ ਹਾਂ, ਅਤੇ ਦੇਸ਼ ਨਾਲ ਉਨ੍ਹਾਂ ਦੇ ਨਿਰੰਤਰ ਚੱਲੇ ਆ ਰਹੇ ਸੰਬੰਧ ਅਤੇ ਇੱਛਾਵਾਂ ਨੂੰ ਪਛਾਣਦੇ ਹਾਂ।